## 3.4 ਫਰੇਮਜ਼ (FRAMES) :

ਪੁਰਾਣੇ ਦਿਨਾਂ ਵਿੱਚ html ਦੀ ਇੱਕ ਵੱਡੀ ਕਮੀ ਇਹ ਸੀ ਕਿ ਯੂਜ਼ਰ ਕੇਵਲ ਇੱਕ ਹੀ ਪੇਜ਼ ਦੇਖ ਸਕਦਾ ਸੀ। ਫਰੇਮਜ਼ ਬਰਾਊਜ਼ਰ ਵਿੰਡੋ ਨੂੰ ਕਈ HTML ਦਸਤਾਵੇਜ਼ਾਂ ਵਿੱਚ ਵੰਡ ਕੇ ਇਸ ਕਮੀ ਨੂੰ ਦੂਰ ਕਰਦੇ ਹਨ।

ਫਰੇਮ ਟੇਬਲ ਵਰਗੇ ਹੁੰਦੇ ਹਨ ਜੋ ਯੂਜ਼ਰ ਨੂੰ ਟੈਕਸਟ ਅਤੇ ਗ੍ਰਾਫਿਕਸ ਨੂੰ ਰੋਅਜ਼ ਅਤੇ ਕਾਲਮ ਵਿੱਚ ਵਿਵਸਥਿਤ ਕਰਨ ਦੀ ਆਗਿਆ ਦਿੰਦੇ ਹਨ। ਕਿਸੇ ਵੀ ਫਰੇਮ ਵਿੱਚ ਉਹ ਲਿੰਕ ਸ਼ਾਮਲ ਹੋ ਸਕਦੇ ਹਨ ਜੋ ਦੂਜੇ ਫਰੇਮਾਂ ਦੇ ਕੰਨਟੈਂਟ ਨੂੰ ਬਦਲ ਸਕਦੇ ਹਨ।

### 3.4.1 ਫਰੇਮ ਸੈਂਟ (Frame set) :

ਇੱਕ ਫਰੇਮ ਬ੍ਰਾਊਜ਼ਰ ਵਿੰਡੋ ਦੇ ਅੰਦਰ ਇੱਕ ਆਇਤਾਕਾਰ ਖੇਤਰ ਹੁੰਦਾ ਹੈ ਜੋ ਇੱਕ ਵੈਬ ਪੇਜ਼ ਨੂੰ ਦੂਜੇ ਫਰੇਮ ਦੇ ਦੂਜੇ ਪੰਨਿਆਂ ਦੇ ਨਾਲ ਪ੍ਰਦਰਸ਼ਿਤ ਕਰਦੇ ਹਨ।

ਫਰੇਮਾਂ ਵਿੱਚ ਵਰਤੇ ਗਏ ਟੈਗ:-

<frameset> ਅਤੇ </frameset> ਟੈਗ ਦੇ ਅੰਦਰ, ਹਰ ਇੱਕ ਫਰੇਮ ਵਿੱਚ ਵਿਖਾਉਣ ਲਈ html ਦਸਤਾਵੇਜ਼ ਦਰਸਾਉਣ ਵਾਲੇ <frame> ਟੈਗ ਹੋਣੇ ਚਾਹੀਦੇ ਹਨ।

### 3.4.2 ਐਸਟਰਿਕ ਦੀ ਵਰਤੋਂ (*):-

ਅਸੀਂ ਦਰਸਾਉਣ ਲਈ ਐਸਟਰਿਕ (*) ਦੀ ਵਰਤੋਂ ਕਰ ਸਕਦੇ ਹਾਂ ਕਿਉਂਕਿ ਵਿੰਡੋ ਵਿੱਚ ਜੋ ਵੀ ਸਪੇਸ ਉਪਲਬਧ ਹੈ ਉਸ ਨੂੰ ਇੱਕ ਫਰੇਮ ਨੂੰ ਭਰਨਾ ਚਾਹੀਦਾ ਹੈ।

ਉਦਾਹਰਨ <frameset rows="80,*">

ਇਸ ਦਾ ਮਤਲਬ ਹੈ ਕਿ ਵਿੰਡੋ ਨੂੰ ਦੋ ਰੋਅਜ਼ ਵਿੱਚ ਵੰਡਣਾ, ਪਹਿਲੀ ਰੋਅ (ਫਰੇਮ) ਜੋ ਕਿ ਬਿਲਕੁਲ 80 ਪਿਕਸਲ ਹੋਵੇਗੀ ਅਤੇ ਬਾਕੀ ਸਾਰੀ ਸਪੇਸ ਦੂਜੀ ਲਾਈਨ (ਫਰੇਮ)ਦੁਆਰਾ ਲੈ ਲਈ ਜਾਵੇਗੀ।

ਜੇਕਰ ਅਸੀਂ

<frameset rows="*","*">

ਦੀ ਵਰਤੋਂ ਕਰਦੇ ਹਾਂ ਤਾਂ ਇੱਥੇ ਦੋਵੇਂ ਰੋਅ ਇੱਕੋ ਸਪੇਸ ਦੀ ਵਰਤੋਂ ਕਰਦੇ ਹਨ।


<Frameset> ਟੈਗ ਦੇ ਐਟਰੀਬਿਊਟ:-

1. ਰੋਅਜ਼ (Rows): ਵਿੰਡੋ ਨੂੰ ਕਤਾਰਾਂ (ਲਾਈਨਾਂ)ਵਿੱਚ ਵੰਡਦੀ ਹੈ।
2. ਕਾਲਮ (Cols):- ਵਿੰਡੋ ਨੂੰ ਕਾਲਮਾਂ ਵਿੱਚ ਵੰਡਦੀ ਹੈ।
3. ਫਰੇਮ ਸਪੇਸਿੰਗ(framespacing):- ਫਰੇਮਾਂ ਵਿਚਕਾਰ ਸਪੇਸ, ਪਿਕਸਲ ਵਿੱਚ
4. ਫਰੇਮ ਬਾਰਡਰ (Frame Border):- ਇਹ ਨਿਰਧਾਰਿਤ ਕਰਦਾ ਹੈ ਕਿ ਕੀ ਫਰੇਮ ਲਈ ਬਾਰਡਰ ਦਿਖਾਉਣਾ ਹੈ ਜਾਂ ਨਹੀਂ, ਆਪਸ਼ਨ ਹਨ (Yes/No)
4. ਬਾਰਡਰ(Border):- ਫਰੇਮ ਬਾਰਡਰ ਦਾ ਅਕਾਰ ਪਿਕਸਲ ਵਿੱਚ (ਕੇਵਲ ਨੈਟੱਸਕੇਪ ਨੈਵੀਗੇਟਰ ਲਈ)


ਉਦਾਹਰਨ <frameset cols="40%","50%” framespacing="50"

| TAG | ATTRIBUTE | FUNCTION |
|---|---|---|
| <FRAMESET>.. </FRAMESET> | | ਮੇਨ ਵਿੰਡੋ ਨੂੰ ਫਰੇਮਾਂ ਦੇ ਇੱਕ ਸੈੱਟ ਵਿੱਚ ਵੰਡਦਾ ਹੈ। ਹਰ ਇਕ ਸੈੱਟ ਇੱਕ ਵੱਖਰੇ ਡਾਕੂਮੈਂਟ ਨੂੰ ਦਿਖਾਉਂਦਾ ਹੈ। |
| | ROWS="....." | ਵਿੰਡੋ ਨੂੰ ਰੋਅਜ਼ (ਕਤਾਰਾਂ) ਵਿੱਚ ਵੰਡਦਾ ਹੈ। |
| | COLS="...." | ਵਿੰਡੋ ਨੂੰ ਕਾਲਮਾਂ ਵਿੱਚ ਵੰਡਦਾ ਹੈ। |
| | FRAMESPACING ="..." | ਫਰੇਮਜ਼ ਵਿੱਚ ਸਪੇਸ ਪਿਕਸਲ ਵਿੱਚ ਦਸਦਾ ਹੈ। |
| | FRAMEBORDER= "..." | ਇਹ ਨਿਰਧਾਰਿਤ ਕਰਦਾ ਹੈ ਕਿ ਫਰੇਮ ਲਈ ਬਾਰਡਰ ਡਿਸਪਲੇਅ ਕਰਨ ਹੈ ਜਾਂ ਨਹੀਂ। ਇਸ ਲਈ " YES " ਜਾਂ "No" ਆਪਸ਼ਨ ਹੁੰਦੀਆਂ ਹਨ। |
| | BORDER | ਫਰੇਮ ਬਾਰਡਰ ਦਾ ਸਾਈਜ਼ ਪਿਕਸਲ ਅਨੁਸਾਰ ਨਿਰਧਾਰਿਤ ਕਰਦਾ ਹੈ |
| <FRAME > </FRAME> | | ਇਕ <FRAMESET> ਵਿੱਚ ਇਕ ਸਿੰਗਲ ਫਰੇਮ ਨੂੰ ਪਰਿਭਾਸ਼ਿਤ ਕਰਦਾ ਹੈ। |
| | SRC="..." | ਡਾਕੂਮੈਂਟ ਦਾ URL ਇਸ ਫਰੇਮ ਵਿੱਚ ਡਿਸਪਲੇਅ ਕੀਤਾ ਜਾਂਦਾ ਹੈ। |


ਇਹਨਾਂ ਐਟਰੀਬਿਊਟਸ ਲਈ HTML ਕੋਡ ਅਤੇ ਆਉਟਪੁੱਟ ਚਿੱਤਰ 3.17 (a), 3.17 (b), 3.17(c), 3.17 (d) ਅਤੇ 3.17(e) ਰਾਹੀਂ ਦਿਖਾਇਆ ਗਿਆ ਹੈ।





ਚਿੱਤਰ 3.17 (a)





ਚਿੱਤਰ 3.17 (b)




ਚਿੱਤਰ 3.17 (c)




ਚਿੱਤਰ 3.17(d)




ਚਿੱਤਰ 3.17 (e)

ਇਸੇ ਤਰਾਂ ਜੇ ਅਸੀਂ ਫਰੇਮਸੇਟ ਨੂੰ ਕਾਲਮ ਵਿੱਚ ਵੰਡਦੇ ਹਾਂ ਤਾਂ ਵੈਬ ਪੇਜ਼ ਕਾਲਮ ਵਿੱਚ ਵੰਡਿਆ ਜਾਵੇਗਾ। ਉਪਰੋਕਤ ਪ੍ਰੋਗਰਾਮ ਵਿੱਚ ਲੋੜੀਂਦੀਆਂ ਤਬਦੀਲੀਆਂ ਜਿਵੇਕਿ ਰੋਅਜ਼ ਤੋਂ ਕਾਲਮ ਇਸ ਤਰਾਂ ਹਨ:-

ਉਦਾਹਰਨ <frameset cols="*","*","*">

<frame src="frameset1.html">

<frame src="frameset2.html">


<frame src="frameset3.html"></frameset>

## 3.5 HTMLਵਿੱਚ ਮਲਟੀਮੀਡੀਆ:-

**3.5.1<MARQUEE> :-**ਇਸ ਟੈਗ ਨੂੰ ਟੈਕਸਟ ਨੂੰ ਵੈੱਬਪੇਜ਼ 'ਤੇ ਮੂਵ (ਗਤੀਮਾਨ)ਕਰਨ ਲਈ ਵਰਤਿਆ ਜਾਂਦਾ ਹੈ। ਇਹ ਇੱਕ ਕੰਟੇਨਰ ਟੈਗ ਹੈ। ਇਸ ਟੈਗ ਵਿੱਚ ਕੁਝ ਐਟਰੀਬਿਊਟ ਹਨ ਜੋ ਆਮ ਤੌਰ ਤੇ ਵਰਤੇ ਜਾਂਦੇ ਹਨ। ਇਹਨਾਂ ਨੂੰ ਟੇਬਲ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ।


| ਐਟਰੀਬਿਊਟ ਦਾ ਨਾਮ | ਕੰਮ | ਸਿੰਨਟੈਕਸ | ਉਦਾਹਰਨ |
|---|---|---|---|
| BGCOLOR | ਇਹ ਐਟਰੀਬਿਊਟ ਟੈਕਸਟ ਲਈ ਬੈਕਗ੍ਰਾਊਂਡ ਰੰਗ ਪਰਿਭਾਸ਼ਿਤ ਕਰਦਾ ਹੈ। | <Marquee BGCOLOR="COLOUR NAMEGREEN"> | <Marquee BGCOLOR ="GREEN"> |
| DIRECTION | ਇਹ ਐਟਰੀਬਿਊਟ ਟੈਕਸਟ ਦੀ ਦਿਸ਼ਾ ਜਿਵੇਂ ਕਿ right, left, up, down ਪਰਿਭਾਸ਼ਿਤ ਕਰਦਾ ਹੈ। | <Marquee direction="side"> | <Marquee direction="Left"> |
| HEIGHT | ਇਹ ਐਟਰੀਬਿਊਟ ਟੈਕਸਟ ਦੀ ਉਚਾਈ ਨੂੰ ਪਿਕਸਲ(pixel) ਵਿੱਚ ਪਰਿਭਾਸ਼ਿਤ ਕਰਦਾ ਹੈ। | <Marquee height="pts."> | <Marquee height="50"> |
| WIDTH | ਇਹ ਐਟਰੀਬਿਊਟ ਟੈਕਸਟ ਦੀ ਚੌੜਾਈ ਨੂੰ ਪਿਕਸਲ(pixel) ਵਿੱਚ ਪਰਿਭਾਸ਼ਿਤ ਕਰਦਾ ਹੈ। | <Marquee WIDTH="pts."> | <Marquee Width="20"> |
| BEHVIOUR | ਇਹ ਐਟਰੀਬਿਊਟ ਟੈਕਸਟ ਦੀ ਸਕਰੋਲਿੰਗ ਨੂੰ ਪਰਿਭਾਸ਼ਿਤ ਕਰਦਾ ਹੈ ਜੇਕਰ ਟੈਕਸਟ ਦੀਆਂ ਤਿੰਨ ਵੈਲਿਊ ਹੋਣ ਤਾਂ<br>1. ਉਸ ਨੂੰ ਇਨਫਾਈਨੇਟਲੀ ਸਕਰੋਲ ਕਰਦਾ ਹੈ।<br>2. ਅਲਟਰਨੇਟ ਹੋਣ 'ਤੇ ਟੈਕਸਟ ਨੂੰ ਖੱਬੇ ਫਿਰ ਸੱਜੇ ਵੱਲ ਮੂਵ ਕਰਦਾ ਹੈ।<br>3. ਸਲਾਈਡ ਹੋਣ 'ਤੇ ਟੈਕਸਟ ਨੂੰ ਵੈੱਬਪੇਜ ਦੇ ਖੱਬੇ ਜਾਂ ਸੱਜੇ ਵੱਲ ਲੈ ਕੇ ਜਾਂਦਾ ਹੈ | <Marquee behavior="value"> | <Marquee behavior="scroll"><br><Marquee behavior="alternate"><br><Marquee behavior="slide"> |

Marquee ਟੈਗ ਨੂੰ HTML ਕੋਡ ਅਤੇ ਆਉਟਪੁੱਟ ਰਾਹੀਂ ਸਮਝਾਇਆ ਗਿਆ ਹੈ ਜੋਕਿ ਚਿੱਤਰ 3.18 ਅਤੇ 3.19 ਆਰਾਹੀਂ ਦਿਖਾਇਆ ਗਿਆ ਹੈ।



```
<html>
<head>
<title>
MARQUEE
</title>
</head>
<body>
<h1>USES OF MARQUEE TAG:-</h1>
<Marquee behavior="slide">SLIDE SCROLLING</Marquee><BR>
<Marquee behavior="alternate">ALTERNATE SCROLLING</Marquee><BR>
<Marquee behavior="scroll">SCROLL BEHAVIOUR</Marquee><BR>
<Marquee Bgcolor="Green">SCROLLING WITH GREEN BACKGROUND</Marquee
<Marquee DIRECTION="LEFT">SCROLLING WITH LEFT DIRECTION</Marquee>
<Marquee WIDTH="300" HEIGHT ="500">SCROLLING WITH GIVEN HEIGHT
AND WIDTH"</Marquee><BR>
</body>
</html>
```

ਚਿਤਰ 3.18





ਚਿਤਰ 3.19

### 3.5.2 HTML ਪ੍ਰੋਗਰਾਮਾਂ ਵਿੱਚ ਆਡੀਓ / ਵੀਡੀਓ ਫਾਈਲਾਂ ਨੂੰ ਜੋੜਨਾ:-

ਯੂਜ਼ਰ ਐਂਕਰ ਟੈਗ ਦੁਆਰਾ ਆਡੀਓ / ਵੀਡੀਓ ਫਾਈਲ ਨੂੰ ਐਚ.ਟੀ.ਐਮ.ਐਲ. ਪ੍ਰੋਗਰਾਮ ਵਿੱਚ ਜੋੜ ਸਕਦੇ ਹਨ ਜਿਵੇਂਕਿ ਅਸੀਂ html ਟੈਗ ਦੇ ਨਾਲ ਫਾਈਲ ਨੂੰ ਲਿੰਕ ਕਰਨ ਲਈ ਇਸ ਟੈਗ ਦਾ ਉਪਯੋਗ ਕੀਤਾ ਹੈ। ਸਾਨੂੰ HREF ਐਟਰੀਬਿਊਟ ਵਿੱਚ ਆਡੀਓ / ਵਿਡੀਓ ਦੇ ਪਾਥ ਨੂੰ ਪਰਿਭਾਸ਼ਿਤ ਕਰਨਾ ਹੋਵੇਗਾ। ਜਦੋਂ ਵੀ ਯੂਜ਼ਰ ਦਿੱਤੇ ਗਏ ਲਿੰਕ ਤੇ ਕਲਿੱਕ ਕਰੇਗਾ ਤਾਂ ਫਾਈਲ ਯੂਜ਼ਰ ਦੇ ਸਿਸਟਮ ਤੇ ਡਾਊਨਲੋਡ ਹੋ ਜਾਵੇਗੀ ਅਤੇ ਸੰਬੰਧਿਤ ਸਾਫਟਵੇਅਰ,'ਤੇ ਪਲੇਅ ਕੀਤੀ ਜਾ ਸਕੇਗੀ। ਇਸ ਦੀ ਉਦਾਹਰਨ ਹੇਠ ਦਿਤੇ ਚਿੱਤਰ 3.20 ਅਤੇ 3.21 ਵਿੱਚ HTML ਕੋਡ ਅਤੇ ਆਉਟਪੁੱਟ ਰਾਹੀਂ ਸਮਝਾਇਆ ਗਿਆ ਹੈ।




ਚਿੱਤਰ 3.20




ਚਿੱਤਰ 3.21

### 3.6 ਕੈਸਕਾਡਿਗ ਸਟਾਈਲ ਸ਼ੀਟਸ:- CSS

ਸਟਾਈਲ ਸ਼ੀਟਸ, ਕੈਸਕਾਡਿੰਗ ਸਟਾਈਲ ਸ਼ੀਟਸ ਅਤੇ CSS ਦਾ ਮਤਲਬ ਇੱਕੋ ਹੀ ਚੀਜ਼ ਹੈ ਅਤੇ ਇਹ ਤੁਹਾਡੇ ਵੈੱਬਪੇਜ਼ ਦੇ ਡਿਜ਼ਾਇਨ ਅਤੇ ਲੇ-ਆਊਟ ਨੂੰ ਪਰਿਭਾਸ਼ਿਤ ਕਰਨ ਦਾ ਆਧੁਨਿਕ ਤਰੀਕਾ ਹੈ। ਇਹ ਪ੍ਰੋਗਰਾਮਰ ਨੂੰ ਬਹੁਤੇ ਵੈੱਬ ਪੇਜ਼ਾਂ ਦੀ ਇਕੋ-ਇੱਕ ਢੰਗ ਨਾਲ ਭੌਤਿਕ ਦਿੱਖ ਨੂੰ ਸੈੱਟ ਕਰਨ ਦੀ ਇਜਾਜ਼ਤ ਦਿੰਦਾ ਹੈ ਜਿਸ ਵਿੱਚ ਉਸ ਦਾ ਰੰਗ, ਫੌਂਟ, ਫੌਂਟ ਸਾਈਜ਼ ਆਦਿ ਸ਼ਾਮਿਲ ਹਨ। ਯੂਜ਼ਰ ਨੂੰ ਹਰੇਕ ਵੈੱਬ ਪੇਜ ਲਈ ਸਟਾਈਲ ਸੈੱਟ ਕਰਨ ਦੀ ਜ਼ਰੂਰਤ ਨਹੀਂ ਹੈ।

ਇੱਕ Style ਦੋ ਹਿੱਸਿਆਂ ਨਾਲ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇੱਕ ਜਾਂ ਇੱਕ ਤੋਂ ਵੱਧ ਸਿਲੈਕਟਰ ਅਤੇ ਇੱਕ ਜਾਂ ਇੱਕ ਤੋਂ ਵੱਧ ਡਿਕਲੇਅਰੇਸ਼ਨਜ਼ ਜਿਸ ਨੂੰ (ਕਰਲੀ ਬਰੈਕਟਾਂ) ਵਿੱਚ ਬੰਦ ਕੀਤਾ ਜਾਂਦਾ ਹੈ।

ਹਰ ਇੱਕ declaration ਦੀ ਇੱਕ ਪ੍ਰੋਪਰਟੀ (Property) ਹੁੰਦੀ ਹੈ ਜਿਵੇਂ ਕਿ Value; pair

**ਸਿੰਨਟੈਕਸ** : Selector {property: value;}

ਇੱਕ HTML ਟੈਗ ਨੂੰ ਪਰਿਭਾਸ਼ਤ ਕਰਨ ਦੀ ਉਦਾਹਰਨ ਹੇਠਾਂ ਲਿਖੇ ਅਨੁਸਾਰ ਹੈ:-

p {font-size: 10pt}

1. ਇਸ ਉਦਾਹਰਨ ਵਿੱਚ ਸਿਲੈਕਟਰ 10 ਪੁਆਇੰਟ ਦਾ ਸਾਈਜ਼ ਰੱਖਣ ਲਈ P HTML ਐਲੀਮੈਂਟ ਨੂੰ ਮੁੜ ਪਰਿਭਾਸ਼ਿਤ ਕਰ ਰਿਹਾ ਹੈ।
2. ਬ੍ਰੈਕਟ: ਕਰਲੀ ਬ੍ਰੈਕਟ ਹੋਣੇ ਚਾਹੀਦੇ ਹਨ।
3. ਕੌਲਨ: ਪ੍ਰੋਪਰਟੀ ਨੂੰ Value ਤੋਂ ਵੱਖ ਕਰਦਾ ਹੈ।

ਉਦਾਹਰਨ h1, h2, p {color: BLUE}

ਐਲੀਮੈਟ h1, h2 ਅਤੇ p ਦਾ ਰੰਗ ਨੀਲਾ ਹੋ ਜਾਵੇਗਾ।

ਵਿਸ਼ੇਸ਼ ਰੂਪ ਵਿੱਚ,3 ਕਿਸਮ ਦੇ ਸਟਾਈਲ ਇੱਕ ਡਾਕੂਮੈਟ ਵਿੱਚ ਜੋੜੇ ਜਾ ਸਕਦੇ ਹਨ।

1. ਇਨਲਾਈਨ ਸਟਾਈਲ
2. ਇਨਟਰਨਲ ਜਾਂ ਐਮਬੈਡੇਡ ਸਟਾਈਲ
3. ਐਕਸਟਰਨਲ ਸਟਾਈਲ

ਇਹਨਾਂ CSS ਸਟਾਈਲਜ਼ ਦੇ ਲਾਭ ਅਤੇ ਹਾਨੀਆਂ ਹੁੰਦੀਆਂ ਹਨ, ਆਓ ਉਹਨਾਂ 'ਤੇ ਡੂੰਘਾਈ ਨਾਲ ਚਰਚਾ ਕਰੀਏ।

### 3.6.1 ਇਨਲਾਈਨ ਸਟਾਈਲਜ਼:-

ਇਨਲਾਈਨ ਸਟਾਈਲ ਉਹ ਸਟਾਈਲ ਹਨ ਜੋ ਸਿੱਧਾ HTML ਦਸਤਾਵੇਜ਼ ਵਿੱਚ ਟੈਗ ਵਿੱਚ ਲਿਖੀਆ ਜਾਂਦੀਆਂ ਹਨ। ਇਨਲਾਈਨ ਸਟਾਈਲ ਸ਼ੀਟ ਉਸ ਹਾਲਤ ਵਿੱਚ ਵਰਤੀ ਜਾਣੀ ਚਾਹੀਦੀ ਹੈ ਜਿੱਥੇ ਪੇਜ/ਸਾਈਟ ਤੇ ਕਿਸੇ ਵਿਸ਼ੇਸ਼ ਸਟਾਈਲ ਨੂੰ ਦੁਹਰਾਇਆ ਨਹੀਂ ਜਾਂਦਾ। ਇਨਲਾਈਨ ਸਟਾਈਲ ਕੇਵਲ ਖਾਸ ਟੈਗ ਨੂੰ ਪ੍ਰਭਾਵਿਤ ਕਰਦੇ ਹਨ, ਜਿਨਾਂ 'ਤੇ ਇਨਾਂ ਨੂੰ ਲਾਗੂ ਕੀਤਾ ਜਾਂਦਾ ਹੈ। ਹੇਠਾਂ ਇਨਲਾਈਨ ਸਟਾਈਲ ਦੀ ਇੱਕ ਉਦਾਹਰਨ ਹੈ ਜੋ ਇੱਕ ਸਟੈਂਡਰਡ ਲਿੰਕ ਜਾਂ ਐਂਕਰ 'ਤੇ ਲਾਗੂ ਹੁੰਦੀ ਹੈ, ਟੈਗ :


**ਸਿੰਟੈਕਸ** <element STYLE="property:value">

ਉਦਾਹਰਨ <p style="color:green; font-size:12pt">

ਹਾਲਾਂਕਿ ਇਹ ਪੇਜ 'ਤੇ ਕੋਈ ਹੋਰ ਲਿੰਕ ਨੂੰ ਨਹੀਂ ਬਦਲੇਗੀ ਇਹ ਇਨਲਾਈਨ ਸਟਾਈਲ ਦੀਆਂ ਕਮੀਆਂ ਵਿੱਚੋਂ ਇੱਕ ਹੈ। ਇਸ ਨੂੰ ਹੇਠਾਂ ਇੱਕ ਉਦਾਹਰਨ ਚਿੱਤਰ 3.22 ਅਤੇ 3.23 ਵਿੱਚ ਦਿਖਾਇਆ ਗਿਆ ਹੈ।




ਚਿੱਤਰ 3.22




ਚਿੱਤਰ 3.23

## ਇਨਟਰਨਲ ਜਾਂ ਐਮਬੱਡੇਡ ਸਟਾਈਲਜ਼ :

ਇਸ ਦੀ ਪਰਿਭਾਸ਼ਾ ਨੂੰ ਇੱਕ ਪੰਨੇ ਦੇ ਮੁੱਖ ਭਾਗ ਵਿੱਚ ਇੱਕ ਵਾਰ ਲਿਖਿਆ ਜਾਂਦਾ ਹੈ। ਇਸ ਨੂੰ ਹਰੇਕ ਪੰਨੇ 'ਤੇ ਲਿਖਿਆ ਹੋਣਾ ਚਾਹੀਦਾ ਹੈ ਜਿਸ 'ਤੇ ਇਸ ਸਟਾਈਲ ਨੂੰ ਲਗਾਉਣਾ ਹੋਵੇ।

ਹੇਠਾਂ ਇਨਟਰਨਲ ਸਟਾਇਲ ਸ਼ੀਟ ਨੂੰ <Head> ਅਤੇ </Head> ਸੈਕਸ਼ਨ ਦੇ ਅੰਦਰ ਪਰਿਭਾਸ਼ਿਤ ਕੀਤਾ ਗਿਆ ਹੈ।


```
<head>
< style type="text/css">
Your Style definitions go here
< /style>
< /head>
```

ਉਦਾਹਰਨ

```
<head>
< style>
Body {background-color: cyan; color: white;}
p {margin-left: 6px}
< /style>
< /head>
```

ਐਮਬੈਡੇਡ ਸਟਾਈਲ ਉਹ ਸਟਾਈਲ ਹਨ ਜੋ ਕਿ ਡਾਕੂਮੈਂਟ ਦੇ ਹੈੱਡ ਵਿੱਚ ਸ਼ਾਮਲ ਕੀਤੇ ਜਾਂਦੇ ਹਨ। ਐਮਬੈਡੇਡ ਸਟਾਈਲ ਉਹਨਾਂ ਪੰਨਿਆਂ 'ਦੇ ਟੈਗਾਜ਼ ਨੂੰ ਪ੍ਰਭਾਵਿਤ ਕਰਦੇ ਹਨ ਜਿਸ ਵਿੱਚ ਉਹ ਐਮਬੈਡੇਡ ਹੁੰਦੇ ਹਨ। ਵੈਬਪੇਜ਼ ਦੇ ਹਰ ਪੰਨੇ ਵਿੱਚ ਸਟਾਈਲ ਹੋਣੇ ਚਾਹੀਦੇ ਹਨ ਜੇਕਰ ਯੂਜ਼ਰ ਸਾਈਟ ਦੀ ਦਿੱਖ ਬਦਲਣਾ ਚਾਹੁੰਦਾ ਹੈ, ਜਿਵੇਂ ਕਿ ਲਿੰਕ ਦਾ ਰੰਗ ਲਾਲ ਤੋਂ ਹਰਾ ਬਦਲਣਾ, ਤਾਂ ਯੂਜ਼ਰ ਨੂੰ ਇਹ ਤਬਦੀਲੀ ਹਰ ਪੇਜ਼ 'ਤੇ ਕਰਨ ਦੀ ਲੋੜ ਹੋਵੇਗੀ, ਕਿਉਂਕਿ ਹਰੇਕ ਪੇਜ਼ ਇੱਕ ਐਮਬੈਡੇਡ ਸਟਾਈਲ ਸ਼ੀਟ ਵਰਤਦਾ ਹੈ। ਇਹ ਇਨਲਾਈਨ ਸਟਾਈਲ ਨਾਲੋਂ ਵਧੀਆ ਹੈ, ਪਰ ਕਈ ਹਾਲਤਾਂ ਵਿੱਚ ਅਜੇ ਵੀ ਸਮੱਸਿਆਵਾਂ ਹਨ।


ਐਮਬੈਡੇਡ ਸਟਾਈਲ ਸ਼ੀਟਾਂ ਦਾ ਫਾਇਦਾ ਇਹ ਹੈ ਕਿ ਇਹ ਹੋਰ ਬਾਹਰੀ ਫਾਇਲਾਂ ਨੂੰ ਲੋਡ ਕਰਨ ਦੀ ਬਜਾਏ ਇਹ ਪੰਨੇ 'ਤੇ ਤੁਰੰਤ ਲੋਡ ਹੁੰਦਾ ਹੈ। ਇਸ ਦੀ ਵਿਆਖਿਆ ਨੂੰ HTML ਕੋਡ ਅਤੇ ਆਉਟਪੁੱਟ ਰਾਹੀਂ ਸਮਝਾਇਆ ਗਿਆ ਹੈ ਜਿਵੇਂ ਕਿ ਚਿੱਤਰ 3.24 ਅਤੇ 3.25 ਰਾਹੀਂ ਦਿਖਾਇਆ ਗਿਆ ਹੈ।



```
<HTML>
<HEAD>
<style>
body {
     background-color:Lightblue;
}

h1,H3,H5 {
     background-color:yellow;
     color: maroon;
     margin-left: 40px;
}
</style>
</HEAD>
<BODY>
WELCOME TO HTML HEADINGS WITH INTERNAL CSS
<H1>HEADING-1</H1>
<H2>HEADING-2</H2>
<H3>HEADING-3</H3>
<H4>HEADING-4</H4>
<H5>HEADING-5</H5>
<H6>HEADING-6</H6>
</BODY>
</HTML>
```

ਚਿੱਤਰ 3.24




ਚਿੱਤਰ 3.25

### 3.6.3 ਐਕਸਟਰਨਲ ਸਟਾਈਲ ਸ਼ੀਟ:-

ਸਟਾਈਲ ਪਰਿਭਾਸ਼ਾ ਕੇਵਲ ਇੱਕ ਵਾਰ ਲਿਖੀ ਜਾਂਦੀ ਹੈ ਅਤੇ ਇਕ ਫਾਈਲ ਵਿੱਚ ਸੇਵ ਕੀਤੀ ਜਾਂਦੀ ਹੈ। ਹਰ ਵੈੱਬਪੇਜ਼,ਜੋ ਕਿ ਫਾਈਲ ਨੂੰ ਵਰਤਣਾ ਚਾਹੁੰਦਾ ਹੈ, ਫਾਈਲ ਦੇ HEAD ਭਾਗ ਵਿੱਚ ਫਾਈਲ ਦਾ ਲਿੰਕ ਰੱਖ ਸਕਦਾ ਹੈ।


**ਸਿੰਨਟੈਕਸ**

<Head> Section of your pages
Link to the Style file with the <link> tag
ਹੇਠਾਂ ਦਿੱਤੇ ਲਿੰਕ ਨੂੰ ਆਪਣੇ ਪੇਜ਼ ਦੇ <HEAD>ਸੈਕਸ਼ਨ ਵਿੱਚ ਰੱਖੋ।

yourStyleFileName.css
<link rel="STYLESHEET" href="yourStyleFileName.css" type="text/css">

ਆਪਣੀ CSS ਫਾਈਲ ਨੂੰ yourStyleFileName.css ਦੀ ਜਗ੍ਹਾ ਵਰਤੋਂ :


Note : LINK ਟੈਗ ਦਾ HTML ਵਿੱਚ ਕਲੋਜ਼ਿੰਗ ਟੈਗ ਨਹੀ ਹੁੰਦਾ।



```
body {
     background-color: lightgreen;
}


h1,h3,h5 {
     color: navy;
     margin-left: 20px;
}
```

ਚਿੱਤਰ 3.26 (a)



```
<HTML>
<HEAD>
<link rel="STYLESHEET" href="externallcss.css" type="text/css">
</HEAD>
<BODY>
WELCOME TO HTML HEADINGS WITH EXTERNAL CSS
<H1>HEADING-1</H1>
<H2>HEADING-2</H2>
<H3>HEADING-3</H3>
<H4>HEADING-4</H4>
<H5>HEADING-5</H5>
<H6>HEADING-6</H6>
</BODY>
</HTML>
```

ਚਿੱਤਰ 3.26 (b)




ਚਿੱਤਰ 3.27

**CSS ਐਕਸਟਰਨਲ ਫਾਈਲ :**CSS ਫਾਈਲਾਂ ਆਮ ਟੈਕਸਟ ਫਾਈਲਾਂ ਹੁੰਦੀਆਂ ਹਨ ਅਤੇ ਨੋਟਪੈਡ ਵਰਗੇ ਸਧਾਰਨ ਟੈਕਸਟ ਐਡੀਟਰ ਵਿੱਚ ਲਿਖੀਆ ਜਾਂ ਸਕਦੀਆਂ ਹਨ। ਫਾਈਲ ਦੀ ਐਕਸਟੈਸ਼ਨ .CSS ਹੁੰਦੀ ਹੈ।

ਜ਼ਿਆਦਾਤਰ ਵੈਬਸਾਈਟਾਂ ਐਕਸਟਰਨਲ ਸਟਾਈਲ ਸ਼ੀਟਾਂ ਦੀ ਵਰਤੋਂ ਕਰਦੀਆਂ ਹਨ। ਐਕਸਟਰਨਲ ਸਟਾਈਲ ਉਹ ਸਟਾਈਲ ਹਨ ਜੋ ਇੱਕ ਵੱਖਰੇ ਦਸਤਾਵੇਜ਼ ਵਿੱਚ ਲਿਖੇ ਗਏ ਹਨ ਅਤੇ ਫਿਰ ਕਈ ਵੈਬ ਡਾਕੂਮੈਂਟ ਨਾਲ ਜੁੜੇ ਹੁੰਦੇ ਹਨ। ਐਕਸਟਰਨਲ ਸਟਾਈਲ ਸ਼ੀਟਸ ਉਹਨਾਂ ਦਸਤਾਵੇਜ਼ਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ ਜਿਸ ਨਾਲ ਉਹ ਜੁੜੇ ਹੋਏ ਹੁੰਦੇ ਹਨ। ਤੁਸੀ ਸਟਾਈਲ ਸ਼ੀਟ ਨੂੰ ਐਡਿਟ ਕਰਕੇ ਹਰ ਇੱਕ ਪੇਜ਼ ਵਿੱਚ ਵਿਜ਼ੂਅਲ ਤਬਦੀਲੀ ਕਰ ਸਕਦੇ ਹੋ। ਇਸ ਨਾਲ ਲੰਮੇ ਸਮੇਂ ਤਕ ਸਾਈਟ ਨੂੰ ਮੈਨੇਜ ਕਰਨਾ ਬਹੁਤ ਸੌਖਾ ਹੈ।

CSS ਦੀਆਂ ਕੁਝ ਮੁੱਖ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਹਨ:

| ਪ੍ਰੋਪਰਟੀ | ਵੇਰਵਾ | ਮੁੱਲ |
|---|---|---|
| Color | ਟੈਕਸਟ ਦਾ ਰੰਗ ਸੈੱਟ ਕਰਦਾ ਹੈ | RGB, hex, keyword |
| line-height | ਲਾਈਨਾਂ ਵਿੱਚ ਦੂਰੀ ਸੈੱਟ ਕਰਦਾ ਹੈ | normal, *number*, *length*, *%* |
| letter-spacing | ਕਰੈਕਟਰ ਵਿੱਚ ਦੂਰੀ ਨੂੰ ਘਟਾਉਂਦਾ ਜਾਂ ਵਧਾਉਂਦਾ ਹੈ | normal, *length* |
| text-align | ਐਲੀਮੈਂਟ ਵਿੱਚ ਟੈਕਸਟ ਨੂੰ ਅਲਾਈਨ ਕਰਦਾ ਹੈ | left, right, center, justify |

| Property | Description | Values |
|---|---|---|
| **text-decoration** | ਟੈਕਸਟ ਨੂੰ ਸਜਾਉਂਦਾ(ਡੈਕੋਰੇਟ) ਹੈ | none, underline, overline, line-through |
| **list-style** | ਇਕ ਲਿਸਟ ਦੀਆਂ ਪ੍ਰਾਪਰਟੀਜ਼ ਨੂੰ ਇਕ ਡਿਕਲੇਅਰੇਸ਼ਨ ਵਿੱਚ ਸੈੱਟ ਕਰਦਾ ਹੈ। | *list-style-type*, *list-style-position*, *list-style-image*, inherit |
| **list-style-type** | ਲਿਸਟ ਆਈਟਮ ਮਾਰਕਰ ਦੀ ਕਿਸਮ ਨੂੰ ਨਿਰਧਾਰਿਤ ਕਰਦਾ ਹੈ। | none, disc, circle, square, decimal, decimal-leading-zero,<br>armenian, georgian, lower-alpha, upper-alpha, lower-greek,<br>lower-latin, upper-latin, lower-roman, upper-roman, inherit |
| **border** | ਇੱਕ ਡਿਕਲਾਰੇਸ਼ਨ ਵਿੱਚ ਬਾਰਡਰ ਦੀਆਂ ਪ੍ਰੋਪਰਟੀਜ਼ ਨੂੰ ਸੈੱਟ ਕਰਦਾ ਹੈ | *border-width*, *border-style*, *border-color* |

## ਯਾਦ ਰੱਖਣ ਲਈ ਗੱਲਾਂ

1. <A> ......</A> Anchor ਟੈਗ ਨੂੰ ਹਾਈਪਰਲਿੰਕ ਨੂੰ ਪਰਿਭਾਸਿਤ ਕਰਨ ਲਈ ਵਰਤਿਆ ਜਾਂਦਾ ਹੈ।
2. <A href="#SName"> ਅਤੇ <A Name=#SName"> ਟੈਗ ਨੂੰ ਉਸੇ ਵੈਬਪੇਜ ਵਿਚ ਲਿੰਕ ਨਾਲ ਪਰਿਭਾਸਿਤ ਕਰਨ ਲਈ ਵਰਤਿਆ ਜਾਂਦਾ ਹੈ।
3. ਫਾਰਮ ਇੱਕ ਵੈਬਪੇਜ ਦਾ ਇੱਕ ਹਿੱਸਾ ਹੈ ਜਿਸ ਵਿੱਚ ਉਹ ਖੇਤਰ ਸ਼ਾਮਲ ਹੁੰਦੇ ਹਨ ਜਿੱਥੇ ਪਾਠਕ ਜਾਣਕਾਰੀ ਫੀਡ ਕਰਦੇ ਹਨ ਜੋ ਵੈਬਸਰਵਰ ਨੂੰ ਅੱਗੇ ਭੇਜੀਆਂ ਜਾ ਸਕਦੀਆਂ ਹਨ।
4. ਟੈਕਸਟ ਇਨਪੁਟ ਅਤੇ ਟੈਕਸਟਰੇਆ ਟੈਗ ਨੂੰ ਵੈਬਪੇਜ ਵਿਚ ਟੈਕਸਟ ਫਾਰਮੈਟ ਪਰਿਭਾਸਿਤ ਕਰਨ ਲਈ ਵਰਤਿਆ ਜਾਂਦਾ ਹੈ।
5. ਚੈਕਬੌਕਸ ਇੱਕ ਛੋਟਾ ਜਿਹਾ ਵਰਗ ਹੁੰਦਾ ਹੈ ਜੋ ਉਪਭੋਗਤਾ ਚੁਣੇ ਗਏ ਵਕਿਲਪ ਵਿੱਚੋਂ ਚੁਣ ਸਕਦਾ ਹੈ।
6. ਰੇਡੀਓ ਬਟਨਾਂ ਨੂੰ ਦਿੱਤੇ ਵਿਕਲਪਾਂ ਦੇ ਸੈੱਟ ਵਿਚੋਂ ਇਕੋ ਵਿਕਲਪ ਚੁਣਨ ਲਈ ਵਰਤਿਆ ਜਾ ਸਕਦਾ ਹੈ।
7. ਬਟਨਾਂ ਨੂੰ ਖਾਸ ਕੰਮ ਕਰਨ ਲਈ ਵਰਤਿਆ ਜਾਂਦਾ ਹੈ।
8. ਫਰੇਮਜ਼ ਇੱਕੋ ਵੈੱਬਪੇਜ ਨੂੰ ਇਕੋ ਵੈੱਬ ਬਰਾਊਜ਼ਰ ਵਿੰਡੋ ਵਿਚ ਬਹੁਤੇ ਵੈਬ ਪੇਜਾਂ ਵਿਚ ਵੰਡਦੇ ਹਨ।
9. ਮਾਰਕਿਊ ਟੈਗ ਟੈਕਸਟ ਨੂੰ ਵੈੱਬਪੇਜ ਵਿਚ ਗਤੀਮਾਨ ਕਰਦਾ ਹੈ।
10. ਐਂਕਰ ਟੈਗ ਨੂੰ ਵੈਬਪੇਜ ਵਿਚ ਆਡੀਓ ਜਾਂ ਵੀਡੀਓ ਫਾਈਲਾਂ ਨੂੰ ਜੋੜਨ ਲਈ ਵਰਤਿਆ ਜਾਂਦਾ ਹੈ।

# ਅਭਿਆਸ

## 1. ਬਹੁ ਚੋਣਵੇਂ ਪ੍ਰਸ਼ਨ:-

**1 ਫਾਰਮ ਕਿਸ ਕੰਮ ਲਈ ਵਰਤਿਆ ਜਾਂਦਾ ਹੈ ?**

a. ਈਮੇਲ ਦੇ ਕੰਨਟੈਂਟ ਡਿਸਪਲੇਅ ਕਰਨ ਲਈ

b. ਐਨੀਮਿਸ਼ਨ ਅਫੈਕਟ ਨੂੰ ਡਿਸਪਲੇਅ ਕਰਨ ਲਈ

c. ਯੂਜ਼ਰ ਤੋਂ ਇਨਪੁੱਟ ਲੈਣ ਲਈ

d. ਉਪਰੋਕਤ ਕੋਈ ਨਹੀਂ

**2 .CSS ਦਾ ਪੂਰਾ ਨਾਮ ਕੀ ਹੈ ?**

a. Cascading Style Sheet

b. Costume Style Sheet

c. Cascading System Style

d. None of the Above

**3.ਵੈਬਪੇਜ ਵਿਚ ਲਿੰਕ ਦਰਸ਼ਾਉਣ ਲਈ ਕਿਹੜਾ ਲਿੰਕ ਸਹੀ ਹੈ ?**

a. <LINK SRC= "abc.html">

b. <BODY LINK = "abc.html">

c. <A SRC = "abc.html" >

d. < A HREF = "abc.html">

**4. check box ਬਣਾਉਣ ਲਈ ਕਿਹੜਾ tag ਫਾਰਮ ਵਿਚ ਵਰਤਿਆ ਜਾਂਦਾ ਹੈ ?**

a. <checkbox>

b. <input type="checkbox">

c. <input=checkbox>

d. <input checkbox

5 ਨਿਮਨਲਿਖਤ ਵਿੱਚੋ ਕਿਹੜੀ ਸਭ ਤੋਂ ਵੱਧ ਆਮ ਤੌਰ ਤੇ ਵਰਤੀ ਜਾਣ ਵਾਲੀ HTTP ਵਿਧੀ ?

a. PRE ਅਤੇ POST.

b. GET ਅਤੇ SET.

c. ASK ਅਤੇ REPLY.

d. GET ਅਤੇ POST.

6 **ਕੀ ਇਕ** ਵੈਬਪੇਜ ਵਿਚ ਲਿੰਕ ਸਥਾਪਿਤ ਕੀਤਾ ਜਾ ਸਕਦਾ ਹੈ**?**

**a.** ਹਾਂ.

b. ਨਹੀਂ

c. ਸਿਰਫ ਫਰੇਮ ਵਿੱਚ

d. ਉਪਰੋਕਤ ਕੋਈ ਨਹੀਂ

7. **ਤੁਸੀਂ** ਇਕ **e-mail ਲਿੰਕ ਕਿਵੇਂ ਸਥਾਪਿਤ ਕਰ ਸਕਦੇ ਹੋ ?**

a. <a href="xxx@yyy">

b. <mail href="xxx@yyy">

c. <mail>xxx@yyy</mail>

d. <a href="mailto:xxx@yyy">

8.ਇੱਕ html ਫਾਰਮ ਇੱਕ ਵੈਬ ਪੇਜ ਦਾ ਹਿੱਸਾ ਹੈ ਜਿਸ ਵਿੱਚ ਉਹ ਸਥਾਨ ਸ਼ਾਮਲ ਹਨ ਜਿੱਥੇ ਕਿ

a.ਜਾਣਕਾਰੀ ਨੂੰ ਉਪਭੋਗਤਾ ਦੁਆਰਾ ਫੀਡ ਕੀਤਾ ਜਾਂਦਾ ਹੈ.

b. ਅਤੇ ਵੈਬਸਾਈਟ ਸਰਵਰ ਤੇ ਭੇਜ ਦਿੱਤੀ ਜਾਂਦੀ ਹੈ

c. ਦੋਵੇਂ ਏ ਅਤੇ ਬੀ

d. ਉਪਰੋਕਤ ਕੋਈ ਨਹੀਂ

9.ਇੱਕ ਕੰਟੇਨਰ ਟੈਗ ਅਤੇ ਇੱਕ ਸਿੰਗਲ ਇੰਨਪੁੱਟ ਆਈਟਮ ਵਿੱਚ ਟੈਕਸਟ ਦੀਆਂ ਬਹੁਤੀਆਂ ਲਾਈਨਾਂ ਨੂੰ ਅਨੁਮਤੀ ਦੇਣ ਲਈ ਵਰਤਿਆ ਜਾਂਦਾ ਹੈ।

a.Text area.

b.Check box.

c.Radio Button.

d.ਉਪਰੋਕਤ ਕੋਈ ਨਹੀਂ

10. ਚੋਣ ਸੂਚੀਆਂ ਉਹ ਸੂਚੀ ਹਨ ਜਿਸ ਦੀ ਸੂਚੀ ਦਿੱਤੀ ਗਈ ਸੂਚੀ ਵਿੱਚੋਂ ਕਿਹੜਾ ਉਪਭੋਗਤਾ ਸਿੰਗਲ ਜਾਂ ਮਲਟੀਪਲ ਵਿਕਲਪ ਚੁਣ ਸਕਦਾ ਹੈ। ਸੂਚੀ ਦੀਆਂ ਕਿਸਮਾਂ ਹਨ।

a. Scrolling lists.

b.Pull down pick up lists.

c.Both a and b.

d.ਉਪਰੋਕਤ ਕੋਈ ਨਹੀਂ

## 2. ਖਾਲੀ ਥਾਵਾਂ ਭਰੋ:-

1. _________ ਟੈਗ ਨੂੰ ਕਿਸੇ ਵੈਬਪੇਜ ਤੇ ਇੱਕ ਲਿੰਕ ਬਣਾਉਣ ਲਈ ਵਰਤਿਆ ਜਾਂਦਾ ਹੈ।

2. _________ ਵੈਂਬਪੇਜ ਦੇ ਦਿੱਤੇ ਗਏ ਹਿੱਸੇ ਲਈ ਲਿੰਕ ਨੂੰ ਪਰਿਭਾਸ਼ਿਤ ਕਰਦਾ ਹੈ।

3. __________ ਦਾ ਉਪਯੋਗ ਵੈਬਸਰਵਰ ਵਿਚ ਜਾਣਕਾਰੀ ਨੂੰ ਭਰਨ ਲਈ ਕੀਤਾ ਜਾਂਦਾ ਹੈ।

4. ਤੁਸੀਂ ਟੈਕਸਟ ਦੀਆਂ ਬਹੁਤੀਆਂ ਲਾਈਨਾਂ

________________ਰਾਹੀਂ ਫਾਰਮ ਵਿਚ ਵਰਤ ਸਕਦੇ ਹੋ।

5. ਇਕ ਫਾਰਮ ਵਿਚ ਕਈ ਵਕਿਲਪ ਚੁਣਨ ਲਈ ਅਸੀਂ _________ ਦੀ ਵਰਤੋਂ ਕਰ ਸਕਦੇ ਹਾਂ।
6. _______ਦੀ ਵਰਤੋਂ ਇੱਕ ਵਾਰ ਵਿੱਚ ਬਹੁਤੇ ਵਕਿਲਪਾਂ ਤੋਂ ਇਕੋ ਚੋਣ ਨੂੰ ਦੇਖਣ ਲਈ ਕੀਤੀ ਜਾਂਦੀ ਹੈ।
7. ਸਰਵਰ ਤੇ ਜਾਣਕਾਰੀ ਭੇਜਣ ਲਈ ___________ ਬਟਨ ਦੀ ਵਰਤੋਂ ਕੀਤੀ ਜਾਂਦੀ ਹੈ।
8. ਫਾਰਮ ਤੋਂ ਸਾਰੇ ਵਕਿਲਪਾਂ ਨੂੰ ਸਾਫ ਕਰਨ ਲਈ ਅਸੀਂ _________ ਬਟਨ ਦੀ ਵਰਤੋਂ ਕਰ ਸਕਦੇ ਹਾਂ।
9. __________ ਵੈੱਬ ਬਰਾਊਜ਼ਰ ਵਿੰਡੋ ਨੂੰ ਮਲਟੀਪਲ HTML ਡਾਕੂਮੈਂਟ ਵਿੱਚ ਵੰਡਦਾ ਹੈ।
10. Frametset ਟੈਗ ਵਿਚ ਅਸੀਂ ______ ਅਤੇ _______ ਨੂੰ ਐਟਰੀਬਿਊਟ ਵਜੋਂ ਵਰਤ ਸਕਦੇ ਹਾਂ।

## 3. ਸਹੀ ਅਤੇ ਗਲਤ:-

1. ਇਕ ਅਣਵਿਜ਼ਟਿਡ ਲਿੰਕ ਅੰਡਰ ਲਾਈਨ ਹੁੰਦਾ ਹੈ ਅਤੇ ਇਸਦਾ ਰੰਗ ਨੀਲਾ ਹੁੰਦਾ ਹੈ।
2. ਬੁੱਕਮਾਰਕ ਨੂੰ ਵੈਬਪੰਨੇ ਦੇ ਬਾਹਰ ਲਿੰਕ ਨੂੰ ਪਰਿਭਾਸਿਤ ਕਰਨ ਲਈ ਵਰਤਿਆ ਜਾਂਦਾ ਹੈ।
3. ਵੈੱਬਸਾਈਟ ਤੋਂ ਬਾਹਰਲੇ ਲਿੰਕ ਨੂੰ ਐਕਸਟਰਨਲ ਲਿੰਕ ਵਜੋਂ ਜਾਣਿਆ ਜਾਂਦਾ ਹੈ।
4. <input type = "password"> ਟੈਕਸਟ ਬਾਕਸ ਵਿੱਚ ਸਟਾਰ(***) ਵਿਖਾਏਗਾ।
5. ਸਿਲੈਕਸ਼ਨ ਲਿਸਟ ਡਰਾਪ ਡਾਊਨ ਲਿਸਟ ਨੂ ਦਰਸਾਉਣ ਲਈ ਵਰਤੀਆਂ ਜਾਂਦੀਆਂ ਹਨ।

## 4.. ਪੂਰੇ ਨਾਮ ਲਿਖੋ:-

1. <A> 2. HREF 3. URL
4. BGCOLOR 5. SRC

## 5. ਬਹੁਤ ਛੋਟੇ ਉਤਰਾਂ ਵਾਲੇ ਪ੍ਰਸ਼ਨ: -

1. ਕਿਸੇ ਵੈੱਬਪੇਜ ਨੂੰ ਲਿੰਕ ਕਰਨ ਲਈ ਕਿਹੜਾ ਟੈਗ ਵਰਤਿਆ ਜਾਂਦਾ ਹੈ.
2. ਕਿਹੜਾ ਲਿੰਕ ਵੈਬਸਾਈਟ ਤੋਂ ਬਾਹਰ ਪਰਿਭਾਸਿਤ ਜਾਂਦਾ ਹੈ?
3. ਜਦ ਇਕ ਫਾਰਮ ਨੂੰ ਸਬਮਿਟ ਕੀਤਾ ਜਾਂਦਾ ਹੈ ਤਾ ਕਿਹੜਾ ਐਟਰੀਬਿਊਟ ਇਹ ਪਰਿਭਾਸ਼ਤ ਕਰਦਾ ਹੈ

3. ਜਦ ਇਕ ਫਾਰਮ ਨੂੰ ਸਬਮਿਟ ਕੀਤਾ ਜਾਂਦਾ ਹੈ ਤਾ ਕਿਹੜਾ ਐਟਰੀਬਿਊਟ ਇਹ ਪਰਿਭਾਸ਼ਤ ਕਰਦਾ ਹੈ ਕਿ ਫਾਰਮ-ਡਾਟਾ ਕਿੱਥੇ ਭੇਜਣਾ ਹੈ ।

4. ਇਹ ਵਿਧੀ ਉਪਯੋਗਕਰਤਾ ਦੁਆਰਾ ਯੂਆਰਐਲ ਪਾਥ ਦੀ ਵਰਤੋਂ ਕਰਕੇ ਫੀਡ ਡੇਟਾ ਨੂੰ ਏਨਕੋਡ ਕਰਨ ਲਈ ਵਰਤੀ ਜਾਂਦੀ ਹੈ ਅਤੇ ਸਰਵਰ ਨੂੰ ਭੇਜੀ ਜਾਂਦੀ ਹੈ।
5. ਦਿੱਤੇ ਗਏ ਵੈਬਪੰਨੇ ਤੇ ਕੁਝ ਕਾਰਵਾਈ ਕਰਨ ਲਈ ਕੀ ਵਰਤਿਆ ਜਾਂਦਾ ਹੈ।

## 6. ਛੋਟੇ ਉਤਰਾਂ ਵਾਲੇ ਪ੍ਰਸ਼ਨ:

1. ਹਾਈਪਰਲਿੰਕ ਕੀ ਹੁੰਦਾ ਹੈ?
2. ਲਿੰਕ ਕਿਸਮਾਂ ਦੇ ਨਾਮ ਦੱਸੋ?
3. ਐਂਕਰ ਟੈਗ ਕੀ ਹੁੰਦਾ ਹੈ? ਉਦਾਹਰਣ ਦੇ ਨਾਲ ਸਮਝਾਓ।
4. HTML ਵੈੱਬਪੇਜ ਵਿਚ ਬੁੱਕਮਾਰਕ ਸਮਝਾਓ.
5. ਇੱਕ ਲਿੰਕ ਦੇ ਰੂਪ ਵਿੱਚ ਚਿੱਤਰ ਕਿਵੇਂ ਬਣਾਇਆ ਜਾਂਦਾ ਹੈ?
6. ਇਕ ਫਾਰਮ ਕੀ ਹੁੰਦਾ ਹੈ?
7. ਫਾਰਮਾਂ ਵਿਚ ਚੋਣ ਸੂਚੀ ਦੀ ਵਰਤੋਂ ਕੀ ਹੈ?
8. HTML ਫਾਰਮ ਵਿੱਚ ਵੱਖੋ ਵੱਖਰੇ ਬਟਨਾਂ ਦੀ ਦੀ ਵਿਆਖਿਆ ਕਰੋ
9. ਫਰੇਮਾਂ ਦੀ ਵਿਆਖਿਆ ਕਰੋ।
10. ਉਦਾਹਰਨ ਦੇ ਨਾਲ ਮਾਰਕਿਉ ਟੈਗ ਅਤੇ ਇਸ ਦੇ ਗੁਣਾਂ ਨੂੰ ਸਮਝਾਓ।
11. ਅਸੀਂ ਇੱਕ html ਫਾਇਲ ਵਿੱਚ ਆਡੀਓ ਅਤੇ ਵੀਡੀਓ ਫਾਈਲਾਂ ਨੂੰ ਕਿਵੇਂ ਜੋੜ ਸਕਦੇ ਹਾਂ।
12. CSS ਵਿਆਖਿਆ ਕਰੋ।
13. CSS ਦੇ ਕਿਸਮਾਂ ਨੂੰ ਪਰਿਭਾਸਿਤ ਕਰੋ।
14. ਰੇਡੀਓ ਬਟਨਾਂ ਅਤੇ ਇਸ ਦੇ ਗੁਣਾਂ ਬਾਰੇ ਵਿਆਖਿਆ ਕਰੋ।
15. ਚੈੱਕਬਾਕਸ ਕੀ ਹੁੰਦਾ ਹੈ।
16. ਫਾਰਮ ਵਿਚ ਪ੍ਰਾਪਤ ਹੋਣ ਦੀ ਵਿਧੀ ਦਾ ਕੀ ਕੰਮ ਹੈ?
17. ਫਾਰਮ ਵਿਚ ਪੋਸਟ ਵਿਧੀ ਦੀ ਵਿਆਖਿਆ ਕਰੋ।

## 7. ਵੱਡੇ ਉਤਰਾਂ ਵਾਲੇ ਪ੍ਰਸ਼ਨ:

1. ਦੋ ਵੱਖ-ਵੱਖ ਵੈੱਬਪੇਜ਼ਾਂ ਨੂੰ ਕਿਵੇਂ ਜੋੜਿਆ ਜਾਂਦਾ ਹੈ?
2. ਵੇਰਵੇ ਦੇ ਰੂਪ ਵਿਚ ਫਾਰਮ 'ਤੇ ਚਰਚਾ ਕਰੋ।
3. HTML ਵਿੱਚ ਮਲਟੀਮੀਡੀਆ ਕਿਵੇਂ ਜੋੜਿਆ ਜਾਂਦਾ ਹੈ।
4. ਉਦਾਹਰਨ ਦੇ ਨਾਲ ਵੱਖ ਵੱਖ ਕਿਸਮਾਂ ਦੇ ਬਟਨਾ ਬਾਰੇ ਚਰਚਾ ਕਰੋ।
5. ਫਾਰਮ ਵਿੱਚ ਸਿਲੈਕਸ਼ਨ ਸੂਚੀ ਕੀ ਹੁੰਦੀ ਹੈ?
6. ਟੈਕਸਟ ਏਰੀਆ ਦੀ ਉਦਾਹਰਨ ਦੇ ਨਾਲ ਵਿਆਖਿਆ ਕਰੋ।
7. ਮਿਸਾਲ ਦੇ ਤੌਰ ਤੇ ਫਰੇਮਾਂ ਦੀ ਵਿਆਖਿਆ ਕਰੋ।
8. ਫਾਰਮ ਵਿਚ ਕਾਰਵਾਈ (action) ਅਤੇ ਵਿਧੀ (method) ਦਾ ਕੀ ਉਦੇਸ਼ ਹੁੰਦਾ ਹੈ?

# ਉੱਤਰਮਾਲਾ

| Questions | Multiple Choice | Fill in the Blanks | True or False | Full Form | Very Short Answer |
|---|---|---|---|---|---|
| 1 | c | Anchor | TRUE | Anchor tag | <A> |
| 2 | a | HREF | FALSE | Hypertext References | External link |
| 3 | d | form | TRUE | Uniform resource locator | Action attribute |
| 4 | b | Text area | TRUE | Background color | Get method |
| 5 | d | Checkbox | TRUE | Source | Button |
| 6 | a | Radio button | - | | |
| 7 | d | Submit button | - | | - |
| 8 | c | Reset button | - | | - |
| 9 | a | Frames | - | | - |
| 10 | c | Rows and cols | - | | - |

Chapter 4

# ਵੈਬ ਡਿਵੈਲਪਮੈਂਟ

**ਪਾਠ ਦੇ ਉਦੇਸ਼:**

4.1 ਵੈਬਸਾਈਟ ਲਈ ਪਲੈਨਿੰਗ.

4.2 ਵੈੱਬ ਲਾਗੂ ਕਰਨ ਲਈ ਦਿਸ਼ਾ ਨਿਰਦੇਸ਼

4.3 ਵੈੱਬਸਾਈਟ ਪਬਲਿਸ਼ ਕਰਨ ਲਈ ਪਹਿਲੂ

4.4 ਕੁਝ ਮਹੱਤਵਪੂਰਨ ਦਿਸ਼ਾ-ਨਿਰਦੇਸ਼ ਜਾਂ ਚੈੱਕਲਿਸਟ

4.5 ਪ੍ਰੋਜੈਕਟ : ਸਕੂਲ ਦੀ ਵੈੱਬਸਾਈਟ।

## ਜਾਣ-ਪਛਾਣ (Introduction) :-

ਇਸ ਪਾਠ ਵਿੱਚ ਅਸੀ ਛੋਟੇ-ਛੋਟੇ ਪ੍ਰੋਜੈਕਟ ਬਣਾਵਾਂਗੇ ਅਤੇ ਅਸੀਂ ਇਹ ਵੀ ਸਿੱਖਾਂਗੇ ਕਿ ਇੱਕ ਵੈਬਸਾਈਟ ਨੂੰ ਕਿਵੇ ਯੋਜਨਾਬੱਧ ਤਰੀਕੇ ਨਾਲ ਤਿਆਰ ਅਤੇ ਇੰਟਰਨੈੱਟ ਤੇ ਕਿਵੇ ਲਾਂਚ ਕੀਤਾ ਜਾਂਦਾ ਹੈ। ਇੱਕ ਵੈਬਸਾਈਟ ਨੂੰ ਡਿਜਾਇਨ ਕਰਨ ਲਈ ਮੁਖ ਤੌਰ ਤੇ ਚਾਰ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ਜਿਵੇਂ ਕਿ ਵੈੱਬਸਾਈਟ ਦਾ ਟੀਚਾ,ਦਰਸ਼ਕਾਂ ਲਈ ਡਿਜਾਇਨੰਗ,ਕੰਮ ਦੀ ਰਣਨੀਤੀ,ਵਿਸ਼ਾ-ਵਸਤੂ ਦਾ ਵਿਕਾਸ। ਇਸੀ ਤਰ੍ਹਾਂ ਵੈੱਬਸਾਈਟ ਨੂੰ ਲਾਂਚ ਕਰਨ ਲਈ ਵੱਖ-ਵੱਖ ਕਦਮ ਹਨ ਜਿਵੇਂ ਕਿ ਡੋਮੇਨ ਨਾਮ ਦੀ ਚੋਣ, ਡੋਮੇਨ ਨਾਮ ਦੀ ਰਜਿਸਟ੍ਰੇਸ਼ਨ,ਸਰਵਰ ਦੀ ਚੋਣ,ਵੈੱਬਸਾਈਟ ਦੀ ਆਨ ਲਾਈਨ ਅਤੇ ਆਫ ਲਾਈਨ ਜਾਂਚ ਕਰਨਾ ਆਦਿ।

## 4.1 ਵੈਬਸਾਈਟ ਦੀ ਯੋਜਨਾਬੰਦੀ

ਸਹੀ ਯੋਜਨਾ ਦੁਆਰਾ ਵਿਕਸਿਤ ਕੀਤੀ ਗਈ ਵੈੱਬਸਾਈਟ ਹਮੇਸ਼ਾਂ ਪ੍ਰਭਾਵਸਾਲੀ ਹੁੰਦੀ ਹੈ।ਇੱਕ ਵੈਬਸਾਈਟ ਬਣਾਉਣ ਲਈ ਸਾਨੂੰ ਪਹਿਲਾਂ ਆਪਣੀ ਯੋਜਨਾ ਬਣਾਉਣੀ ਚਾਹੀਦੀ ਹੈ ।ਜੇਕਰ ਸਹੀ ਯੋਜਨਾ ਨਾਲ ਕੰਮ ਕੀਤਾ ਜਾਵੇ ਤਾਂ ਵੈਬ ਸਾਈਟ ਬਣਾਉਣ ਦਾ ਉਦੇਸ਼ ਪੂਰਾ ਹੋਵੇਗਾ । ਇਸ ਲਈ ਸਾਨੂੰ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਅਸੀ ਕੀ ਸੰਚਾਰ ਕਰਨਾ ਚਾਹੁੰਦੇ ਹਾਂ ਅਤੇ ਕਿਸ ਤਕਨੀਕ ਦੀ ਵਰਤੋ ਕਰਕੇ ਅਸੀ ਆਪਣੇ ਦਰਸ਼ਕਾਂ ਨਾਲ ਵੈਬ ਸਾਈਟ ਰਾਹੀ ਗੱਲਬਾਤ ਕਰਦੇ ਹਾਂ ।ਵੈਬਸਾਈਟ ਨੂੰ ਡਿਜ਼ਾਇਨ ਕਰਨ ਦਾ ਸਭ ਤੋ ਪਹਿਲਾਂ ਅਤੇ ਮੁੱਖ ਉਦੇਸ਼ ਵੈਬਸਾਈਟ ਦੇ ਟੀਚੇ ਨੂੰ ਧਿਆਨ ਵਿੱਚ ਰੱਖਣਾ ਹੈ ਅਤੇ ਵੈਬਸਾਈਟ ਨੂੰ ਹਮੇਸ਼ਾ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਬਣਾਇਆ ਜਾਦਾ ਹੈ।

### 4.1.1 ਸਾਈਟ ਦਾ ਟੀਚਾ:

ਹਰੇਕ ਸਾਈਟ ਦਾ ਕੁਝ ਖਾਸ ਮਕਸਦ ਹੁੰਦਾ ਹੈ।ਇਹ ਉਦੇਸ਼ ਸਾਨੂੰ ਇਹ ਦਸਦਾ ਹੈ ਕਿ ਸਾਈਟ ਵਿੱਚ ਕੀ ਸ਼ਾਮਲ ਕਰਨਾ ਹੈ। ਇੱਕ ਯੂਜ਼ਰ ਇੱਕ ਵਿਆਖਿਆਤਮਕ ਅਤੇ ਸਜਾਵਟੀ ਸਾਈਟ ਤਿਆਰ ਕਰ ਸਕਦਾ ਹੈ। ਪਰ ਸ਼ਰਤ ਇਹ ਹੈ ਕਿ ਇਸ ਨੂੰ ਸਾਈਟ ਦੇ ਉਦੇਸ਼ ਨੂੰ ਸਪੋਰਟ(ਸਮਰਥਨ) ਕਰਨਾ ਚਾਹੀਦਾ ਹੈ।ਇੱਕ ਸਾਈਟ ਬਣਾਉਣ ਵੇਲੇ ਹੇਠਾਂ ਦਿੱਤੇ ਤੱਥਾਂ ਨੂੰ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ।

- ਸੰਸਥਾ ਦਾ ਉਦੇਸ਼।
- ਵੈਬਸਾਈਟ ਦੇ 2-3 ਮਹੱਤਵਪੂਰਨ ਉਦੇਸ਼।
- ਵੈਬਸਾਈਟ ਨੂੰ ਵਿਕਸਿਤ ਕਰਨ ਦੀ ਵਿਧੀ।
- ਉਪਰੋਕਤ ਜਰੂਰਤਾਂ ਨੂੰ ਪੂਰਾ ਕਰਨਾ।
- ਟੀਚਾ ਪ੍ਰਾਪਤ ਕਰਨ ਲਈ ਸਾਈਟ ਦੀ ਰਣਨੀਤੀ।
- ਸਾਈਟ ਦੇ ਵਿਕਾਸ ਦਾ ਸਮਾਂ।
- ਸਾਈਟ ਨੂੰ ਅਪਡੇਟ ਕਰਨ ਦਾ ਸਮਾਂ।

### 4.1.2 ਦਰਸ਼ਕਾਂ ਲਈ ਤਿਆਰ ਕਰਨਾ :

ਵੈਬਸਾਈਟ ਦੇ ਉਦੇਸ਼ ਨੂੰ ਫਾਈਨਲ ਕਰਨ ਤੋਂ ਬਾਅਦ,ਤੁਹਾਨੂੰ ਤੁਹਾਡੀ ਸਾਈਟ ਦੇ ਦਰਸ਼ਕਾਂ ਦੀ ਕਿਸਮ ਬਾਰੇ ਪਤਾ ਹੋਣਾ ਚਾਹੀਦਾ ਹੈ ਭਾਵ ਕਿ ਕਿਸ ਕਿਸਮ ਦੇ ਲੋਕ ਇਸ ਨੂੰ ਵੇਖਣਗੇ:ਬੱਚੇ,ਵਿਦਿਆਰਥੀ,ਵਕੀਲ,ਡਾਕਟਰ ਜਾਂ ਘਰੇਲੂ ਔਰਤਾਂ।

ਸਾਈਟ ਤੋਂ ਉਹਨਾਂ ਦੀਆਂ ਉਮੀਦਾਂ ਬਾਰੇ ਵੀ ਧਿਆਨ ਰਖਾਂਗੇ,ਉਦਹਾਰਨ ਲਈ ਜੇਕਰ ਤੁਸੀਂ ਇੱਕ ਪ੍ਰਕਾਸ਼ਕ ਲਈ ਸਾਈਟ ਤਿਆਰ ਕਰ ਰਹੇ ਹੋ ਤਾਂ ਤੁਹਾਡੇ ਦਰਸ਼ਕ ਜਰੂਰ ਵਿਦਿਆਰਥੀ,ਬੱਚੇ,ਅਧਿਆਪਕ,ਪ੍ਰੋਫੈਸਰ ਅਤੇ ਹੋਰ ਬੁੱਧੀਜੀਵੀ ਹੋਣਗੇ,ਅਜਿਹੇ ਮਾਮਲੇ ਵਿੱਚ ਤੁਸੀਂ ਉਹਨਾਂ ਦੀ ਦਿਲਚੱਸਪੀ ਅਤੇ ਉਮੀਦਾਂ ਅਨੁਸਾਰ ਸਾਈਟ ਤਿਆਰ ਕਰੋਗੇ।

### 4.1.3 ਨੀਤੀ (Strategy) :

ਜਦੋ ਤੁਸੀ ਕਿਸੇ ਖਾਸ ਸਾਈਟ ਨੂੰ ਬਣਾਉਣ ਦਾ ਫੈਸਲਾ ਕੀਤਾ ਹੋਵੇ ,ਤਾਂ ਤੁਹਾਨੂੰ ਇਸਦੇ ਕੰਮ ਨਾਲ ਸੰਬੰਧਿਤ ਰਣਨੀਤੀ ਬਾਰੇ ਸੋਚਣਾ ਪਵੇਗਾ।ਟੀਚਾ ਪ੍ਰਾਪਤ ਕਰਨ ਲਈ ਕੰਮ ਕਰਨ ਦੇ ਢੰਗਾਂ ਨੂੰ ਕੰਮ ਦੀ ਰਣਨੀਤੀ ਕਿਹਾ ਜਾਂਦਾ ਹੈ।ਤੁਸੀਂ ਆਪਣੀ ਵੈੱਬਸਾਈਟ ਵਿੱਚ ਬਹੁਤ ਸਾਰੀ ਜਾਣਕਾਰੀ ਸ਼ਾਮਲ ਕਰ ਸਕਦੇ ਹੋ

- ਟੈਕਸਟ,
- ਆਡਿਓ,
- ਵੀਡੀਓ ਆਦਿ।
- ਇੱਕ ਸਾਧਾਰਨ ਵੈਬਸਾਈਟ ਚੰਗੀ ਅਤੇ ਸਮਝਣ ਵਿੱਚ ਸਰਲ ਹੋਣੀ ਚਾਹੀਦੀ ਹੈ ਭਾਵ ਕਿ ਗੁੰਝਲਦਾਰ ਨਹੀ ਹੋਣੀ ਚਾਹੀਦੀ।

### 4.1.4 ਸਮੱਗਰੀ (Contents) :

ਉਪਰੋਕਤ ਕਾਰਜਾਂ ਨੂੰ ਅੰਤਿਮ ਰੂਪ ਦੇਣ ਤੋਂ ਬਾਅਦ ਸਾਨੂੰ ਹੁਣ ਸਾਈਟ ਦੇ ਕੰਟੈਂਟਸ(ਵਿਸਾ-ਵਸਤੂ) ਨੂੰ ਦਰਜ ਕਰਨ ਦੀ ਲੋੜ ਹੈ।ਸਾਈਟ ਦੀ ਸਮੱਗਰੀ ਦਰਸ਼ਕਾਂ ਨੂੰ ਸਭ ਤੋਂ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੀ ਹੈ,ਇਸ ਲਈ ਸਮੱਗਰੀ ਸਹੀ ਜਗ੍ਹਾਂ ਤੇ ਹੋਣੀ ਚਾਹੀਦੀ ਹੈ ਅਤੇ ਵਿਵਸਥਿਤ ਢੰਗ ਨਾਲ ਦਰਸਾਈ ਜਾਣੀ ਚਾਹੀਦੀ ਹੈ। ਜੇਕਰ ਲਿੰਕਸ ਕਿਸੇ ਕ੍ਰਮ ਵਿੱਚ ਹ,ਤਾਂ ਲੋੜੀਂਦੀ ਜਾਣਕਾਰੀ ਨੂੰ ਲੱਭਣਾ ਅਸਾਨ ਹੋ ਜਾਂਦਾ ਹੈ।